BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ ਵੱਲੋਂ 2022 ਵਿੱਚ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਵਜੋਂ ਸਨਮਾਨਿਤ ਕੀਤਾ ਗਿਆ

ਬ੍ਰੈਂਪਟਨ, ਓਨਟੈਰੀਓ (26 ਜਨਵਰੀ, 2022) – ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ (Forbes) ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ 2022 (Canada's Best Employers 2022) ਵਿੱਚੋਂ ਇੱਕ ਵਜੋਂ ਸਨਮਾਨਿਤ ਕੀਤਾ ਗਿਆ ਹੈ।

ਇਸ ਸਾਲ, ਸਿਟੀ ਨੂੰ 300 ਵਿੱਚੋਂ 98ਵਾਂ ਦਰਜਾ ਮਿਲਿਆ ਹੈ ਅਤੇ ਇਹ ਲਗਾਤਾਰ ਚੌਥਾ ਸਾਲ ਹੈ, ਜਦੋਂ ਸਿਟੀ ਨੂੰ ਇਸ ਸੂਚੀ ਵਿੱਚ ਦਰਜਾ ਮਿਲਿਆ ਹੈ।

ਫੋਰਬਸ ਨੇ, ਕੈਨੇਡਾ ਵਿੱਚ 500 ਤੋਂ ਵੱਧ ਕਰਮਚਾਰੀਆਂ ਵਾਲੀਆਂ ਕੰਪਨੀਆਂ ਲਈ ਕੰਮ ਕਰਨ ਵਾਲੇ, ਕੈਨੇਡਾ ਦੇ 10,000 ਤੋਂ ਵੱਧ ਕਰਮਚਾਰੀਆਂ ਦਾ ਸਰਵੇਖਣ ਕਰਦੇ ਹੋਏ, ਸਾਲਾਨਾ ਸੂਚੀ ਇਕੱਤਰ ਕਰਨ ਲਈ, ਮਾਰਕੀਟ ਰਿਸਰਚ ਕੰਪਨੀ ਸਟੇਟਿਸਟਾ (Statista) ਦੇ ਨਾਲ ਭਾਈਵਾਲੀ ਕੀਤੀ ਹੈ। ਹਿੱਸਾ ਲੈਣ ਵਾਲਿਆਂ ਨੇ, ਆਪਣੇ ਦੋਸਤਾਂ ਅਤੇ ਪਰਿਵਾਰ ਨੂੰ, ਆਪਣੇ ਸੰਗਠਨਾਂ ਨਾਲ ਕੰਮ ਕਰਨ ਦੀ ਸਿਫ਼ਾਰਿਸ਼ ਕਰਨ ਦੀ ਇੱਛਾ ਦੇ ਅਧਾਰ ਤੇ ਉਹਨਾਂ ਨੂੰ ਦਰਜਾ ਦਿੱਤਾ ਸੀ। ਉਹਨਾਂ ਨੂੰ ਆਪਣੇ ਸੰਗਠਨਾਂ ਤੋਂ ਇਲਾਵਾ ਦੂਜੇ ਸੰਗਠਨਾਂ ਨੂੰ ਵੀ ਨਾਮਾਂਕਿਤ ਕਰਨ ਲਈ ਆਖਿਆ ਗਿਆ ਸੀ।

**ਸਿਟੀ ਆਫ ਬ੍ਰੈਂਪਟਨ ਦੀਆਂ ਝਲਕੀਆਂ**

- ਜਨਵਰੀ 2022 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਕਰਮਚਾਰੀਆਂ ਨੂੰ ਕਿਤੇ ਵੀ ਅਤੇ ਕਦੋਂ ਵੀ ਕੰਮ ਕਰਨ ਦੀ ਸਹੂਲਤ ਦੇਣ ਦੀ ਹਿਮਾਇਤ ਕਰਦੇ ਹੋਏ, ਫਲੈਕਸੀਬਲ ਵਰਕ ਪ੍ਰੋਗਰਾਮ (Flexible Work Program) ਸ਼ੁਰੂ ਕੀਤਾ ਸੀ; ਇਸ ਵਿੱਚ ਸ਼ਾਮਲ ਹੈ, ਦੂਰੋਂ ਕੰਮ ਕਰਨ ਦੇ ਵਿਕਲਪ, ਕੰਮ ਸਾਂਝੇ ਕਰਨ ਅਤੇ ਘਟੇ ਹੋਏ ਕੰਮ ਵਾਲੇ ਹਫ਼ਤੇ। ਇਹ ਪ੍ਰੋਗਰਾਮ, ਵਰਕਪਲੇਸ ਮੌਡਰਨਾਈਜ਼ੇਸ਼ਨ (Workplace Modernization) ਪਹਿਲਕਦਮੀ ਦਾ ਹਿੱਸਾ ਹੈ, ਜਿਸ ਵਿੱਚ ਸਹੂਲਤ ਮੁਤਾਬਕ ਕੰਮ ਦੇ ਵਿਕਲਪ ਦੇਣ ਲਈ ਥਾਂ ਦੀ ਪਲਾਨਿੰਗ ਅਤੇ ਇਕੱਠੇ ਕੰਮ ਕਰਨ ਦੀ ਹਿਮਾਇਤ ਸ਼ਾਮਲ ਹੈ।
- 2020 ਵਿੱਚ, ਸਿਟੀ ਨੇ ਕਮਿਊਨਿਟੀ ਵਿੱਚ ਐਂਟੀ-ਬਲੈਕ ਨਸਲਵਾਦ ਦੇ ਵਿਰੁੱਧ ਅਰਥਪੂਰਣ ਕਾਰਵਾਈ ਕਰਨ ਲਈ, ਆਪਣੀ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ (Economic Empowerment and Anti-Black Racism Unit) ਸਥਾਪਤ ਕੀਤੀ। 2021 ਵਿੱਚ, ਇਸ ਇਕਾਈ ਨੇ ਪੰਜ-ਸਾਲਾ ਐਕਸ਼ਨ ਪਲਾਨ ਦੇ ਵਿਕਾਸ ਵਿੱਚ ਸਹਾਇਤਾ ਲਈ, ਗਹਿਰਾਈ ਵਾਲੇ ਕਮਿਊਨਿਟੀ ਮਸ਼ਵਰੇ, ਕਾਨਫਰੰਸਾਂ ਅਤੇ ਕਾਰਜਕਰਮਾਂ ਦਾ ਆਯੋਜਨ ਕੀਤਾ ਸੀ। ਸਿਟੀ ਨੇ ਇੱਕ ਅੰਦਰੂਨੀ ਬਲੈਕ ਇੰਪਲਾਈ ਐਨਗੇਜਮੈਂਟ ਨੈੱਟਵਰਕ (Black Employee Engagement Network) ਵੀ ਵਿਕਸਿਤ ਕੀਤਾ ਅਤੇ ਪਰਫੌਰਮਿੰਗ ਆਰਟਸ ਵਿੱਚ, ਬਲੈਕ ਐਂਡ ਇੰਡੀਜੀਨਸ ਯੂਥ ਇੰਟਰਨਸ਼ਿਪ ਐਂਡ ਕੋ-ਓਪ ਪ੍ਰੋਗਰਾਮ (Black and Indigenous Youth Internship and Co-op Program) ਸ਼ੁਰੂ ਕੀਤਾ। ਇਹ ਕੈਨੇਡਾ ਵਿੱਚ ਇਸ ਤਰ੍ਹਾਂ ਦਾ ਪਹਿਲਾ ਪ੍ਰੋਗਰਾਮ ਹੈ।
- ਦਸੰਬਰ 2020 ਵਿੱਚ, ਸਿਟੀ ਨੇ, ਆਪਣੇ ਕਰਮਚਾਰੀਆਂ ਅਤੇ ਨਾਗਰਿਕਾਂ ਦੀ ਵਰਤੋਂ ਲਈ, ਨਵੇਂ ਇਕਵਿਟੀ ਆਫਿਸ (Equity Office to serve its employees and citizens) ਦਾ ਐਲਾਨ ਕੀਤਾ। ਇਕਵਿਟੀ ਆਫਿਸ (Equity Office), ਜਾਤੀ, ਨਸਲ, ਮੂਲ ਸਥਾਨ, ਰੰਗ, ਜਾਤੀਅਤਾ ਮੂਲ, ਅਪਾਹਜਪੁਣੇ, ਨਾਗਰਿਕਤਾ, ਸੰਪਰਦਾਇ, ਲਿੰਗ, ਜਿਨਸੀ ਨਿਰਧਾਰਨ, ਲਿੰਗ ਸਬੰਧੀ ਪਛਾਣ, ਇੱਕੋ ਲਿੰਗ ਵਾਲੀ ਪਾਰਟਨਰਸ਼ਿਪ, ਉਮਰ, ਵਿਆਹ ਸਬੰਧੀ ਸਥਿਤੀ, ਪਰਿਵਾਰਕ ਸਥਿਤੀ, ਇਮੀਗ੍ਰੈਂਟ ਸਥਿਤੀ, ਜਨਤਕ ਸਹਾਇਤਾ ਦੀ ਪ੍ਰਾਪਤੀ, ਰਾਜਨੀਤਕ ਸਬੰਧ, ਧਾਰਮਿਕ ਸਬੰਧ, ਸਾਖਰਤਾ ਦੇ ਪੱਧਰ, ਭਾਸ਼ਾ ਅਤੇ/ਜਾਂ ਸਮਾਜਿਕ-ਆਰਥਿਕ ਸਥਿਤੀ ਤੇ ਵਿਚਾਰ ਕੀਤੇ ਬਿਨਾਂ, ਕਾਰਜਸਥਾਨ ਅਤੇ ਕਮਿਊਨਿਟੀ ਵਿੱਚ ਰੁਕਾਵਟਾਂ ਨੂੰ ਪਛਾਣ ਕੇ, ਉਹਨਾਂ ਨੂੰ ਦੂਰ ਕਰਨ ਤੇ ਧਿਆਨ ਕੇਂਦਰਿਤ ਕਰਦਾ ਹੈ।

BRAMPTON

**Media Release**

**ਹਵਾਲੇ**

"ਸਾਨੂੰ, ਲਗਾਤਾਰ ਚੌਥੇ ਸਾਲ, ਫੋਰਬਸ ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਵਜੋਂ, ਸਨਮਾਨਿਤ ਕੀਤੇ ਜਾਣ ਤੇ ਬਹੁਤ ਮਾਣ ਹੈ। ਸਿਟੀ ਆਫ ਬ੍ਰੈਂਪਟਨ, ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਹੈ ਅਤੇ ਸਾਡੇ ਕਰਮਚਾਰੀ, ਸਾਡੇ ਨਿਵਾਸੀਆਂ ਲਈ ਅਜਿਹੀ ਕਮਿਉਨਿਟੀ ਬਣਾਉਣ ਲਈ ਸਮਰਪਿਤ ਹਨ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਸਟਾਫ ਲਈ ਬਿਹਤਰ ਇੰਪਲਾਇਰ ਹੋਣ ਦੀ ਇਹ ਮਾਨਤਾ, ਸਾਡੀ ਕਮਿਉਨਿਟੀ ਲਈ ਉਹਨਾਂ ਦੇ ਜੋਸ਼ ਅਤੇ ਸਾਡੇ ਨਿਵਾਸੀਆਂ ਲਈ ਨਤੀਜੇ ਪ੍ਰਾਪਤ ਕਰਨ ਨੂੰ ਦਰਸਾਉਂਦੀ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਸਿਟੀ ਵਿਖੇ, ਅਸੀਂ ਸ਼ਮੂਲੀਅਤ ਵਾਲਾ ਕਾਰਜਬਲ ਵਿਕਸਿਤ ਕਰਨਾ ਜਾਰੀ ਰੱਖਿਆ ਹੋਇਆ ਹੈ, ਜੋ ਸਾਡੀ ਵੰਨ-ਸੁਵੰਨੀ ਕਮਿਉਨਿਟੀ ਤੇ ਵਿਚਾਰ ਕਰਦਾ ਹੈ। ਇਕਵਿਟੀ ਆਫਿਸ ਵਰਗੀਆਂ ਪਹਿਲਕਦਮੀਆਂ ਦੇ ਦੁਆਰਾ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਸਿਟੀ ਦੇ ਸਟਾਫ ਲਈ ਇਕਸਾਰਤਾ ਵਾਲਾ ਵਾਤਾਵਰਣ ਹੋਵੇ ਅਤੇ ਸਾਰੇ ਵਿਅਕਤੀਆਂ ਨਾਲ, ਨਿਰਪੱਖ ਅਤੇ ਬਰਾਬਰੀ ਵਾਲਾ ਵਿਵਹਾਰ ਹੋਵੇ, ਤਾਂ ਜੋ ਅਸੀਂ ਬਿਨਾਂ ਰੁਕਾਵਟਾਂ ਦੇ ਬਹੁਤ ਵਧੀਆ ਉਮੀਦਵਾਰਾਂ ਨੂੰ ਆਕਰਸ਼ਿਤ ਕਰ ਸਕੀਏ। ਅਸੀਂ, ਫੋਰਬਸ ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਵਜੋਂ ਦੁਬਾਰਾ ਦੁਬਾਰਾ ਸਨਮਾਨਿਤ ਹੋਣ ਦਾ ਜਸ਼ਨ ਮਨਾ ਰਹੇ ਹਾਂ।"

- *ਹਰਕੀਰਤ ਸਿੰਘ (Harkirat Singh), ਚੇਅਰ, ਕਾਰਪੋਰੇਟ ਸਰਵਿਸਿਜ; ਸਿਟੀ ਕਾਉਂਸਲਰ, ਵਾਰਡਸ 9 ਅਤੇ 10, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਲਗਾਤਾਰ, ਸਾਡੇ ਕਾਰਜਸਥਾਨ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਅਤੇ ਇਸਨੂੰ ਆਧੁਨਿਕ ਬਣਾਉਣ ਲਈ ਕਦਮ ਚੁੱਕ ਰਹੀ ਹੈ, ਤਾਂ ਜੋ ਇਹ ਸਾਰਿਆਂ ਲਈ ਨਿਰਪੱਖ ਅਤੇ ਬਰਾਬਰੀ ਵਾਲਾ ਹੋਵੇ। ਸਾਡੇ ਕਰਮਚਾਰੀਆਂ ਵਿੱਚ ਸਾਡੀ ਵੰਨ-ਸੁਵੰਨੀ ਕਮਿਉਨਿਟੀ ਦੀ ਸੇਵਾ ਕਰਨ ਦਾ ਜੋਸ਼ ਹੈ ਅਤੇ ਅਸੀਂ ਖਾਸ ਅਤੇ ਸ਼ਮੂਲੀਅਤ ਵਾਲਾ ਕਾਰਜਸਥਾਨ ਸੱਭਿਆਚਾਰ ਬਣਾਉਂਦੇ ਹੋਏ, ਉਹਨਾਂ ਵਾਸਤੇ ਮੌਕੇ ਪੈਦਾ ਕਰਨ ਲਈ ਵਚਨਬੱਧ ਹਾਂ। ਸਾਨੂੰ, ਲਗਾਤਾਰ ਚੌਥੇ ਸਾਲ, ਫੋਰਬਸ ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਵਜੋਂ ਸਨਮਾਨਿਤ ਕੀਤੇ ਜਾਣ ਤੇ ਮਾਣ ਹੈ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਵਿਖੇ, ਅਸੀਂ ਸ਼ਮੂਲੀਅਤ ਵਾਲਾ ਅਜਿਹਾ ਸੱਭਿਆਚਾਰ ਵਿਕਸਿਤ ਕਰਨ ਲਈ ਵਚਨਬੱਧ ਹਾਂ, ਜੋ ਸਾਡੀਆਂ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਪ੍ਰਦਾਨ ਕਰਨ ਲਈ ਸਾਂਝੀ ਵਚਨਬੱਧਤਾ ਦੇ ਅਧਾਰ ਤੇ, ਸਾਡੇ ਲੋਕਾਂ ਨੂੰ ਸ਼ਾਮਲ ਕਰਦਾ ਹੋਵੇ, ਉਹਨਾਂ ਦਾ ਵਿਕਾਸ ਕਰਦਾ ਹੋਵੇ ਅਤੇ ਜਸ਼ਨ ਮਨਾਉਂਦਾ ਹੋਵੇ। ਇਹ ਸਾਡੇ 6,000 ਤੋਂ ਵੱਧ ਕਰਮਚਾਰੀਆਂ ਦੀ ਟੀਮ ਹੀ ਹੈ, ਜੋ ਸਿਟੀ ਨੂੰ ਕੰਮ ਕਰਨ ਲਈ ਅਜਿਹੀ ਸ਼ਾਨਦਾਰ ਥਾਂ ਬਣਾਉਂਦੀ ਹੈ। ਲਗਾਤਾਰ ਚੌਥੇ ਸਾਲ, ਫੋਰਬਸ ਅਤੇ ਸਾਡੇ ਕਰਮਚਾਰੀਆਂ – ਪਹਿਲਾਂ ਦੇ ਅਤੇ ਵਰਤਮਾਨ - ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਵਜੋਂ ਸਨਮਾਨਿਤ ਕੀਤੇ ਜਾਣਾ, ਇੱਕ ਸ਼ਾਨਦਾਰ ਉਪਲਬਧੀ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ [Twitter](), [Facebook](), ਅਤੇ [Instagram ]() ਤੇ ਜੁੜੋ। [www.brampton.ca ]() ਤੇ ਹੋਰ ਜਾਣੋ।

**ਮੀਡੀਆ ਸੰਪਰਕ**